Ph. 01652-235980

# ਦਫਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ

ਇਹ ਦਫਤਰ ਨਵੀਂ ਦਾਣਾ ਮੰਡੀ ਬਠਿੰਡਾ ਵਿਖੇ ਸਥਿਤ ਹੈ। ਪੰਜਾਬ ਮੰਡੀ ਬੋਰਡ ਸੰਸਥਾ ਪੰਜਾਬ ਵਿੱਚ ਮੰਡੀਆਂ ਦੀ ਉਸਾਰੀ ਅਤੇ ਮੁਰੰਮਤ ਦੇ ਨਾਲ-ਨਾਲ ਪੇਂਡੂ ਲਿੰਕ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਕੰਮ ਵੀ ਕਰਦੀ ਹੈ। ਪੰਜਾਬ ਮੰਡੀ ਬੋਰਡ ਦੀ ਇੰਜੀਨੀਅਰਿੰਗ ਸ਼ਾਖਾ ਦਾ ਹੈਡ (ਮੁੱਖੀ) ਚੀਫ ਇੰਜੀਨੀਅਰ ਹੁੰਦਾ ਹੈ ਜਿਸ ਦਾ ਦਫਤਰ ਚੰਡੀਗੜ੍ਹ ਵਿਖੇ ਹੈ, ਪਰੰਤੂ ਪੰਜਾਬ ਮੰਡੀ ਬੋਰਡ ਦਾ ਪ੍ਰਬੰਧਕੀ ਕੰਟਰੋਲ ਚੇਅਰਮੈਨ ਪੰਜਾਬ ਮੰਡੀ ਬੋਰਡ ਕੋਲ ਹੁੰਦਾ ਹੈ।

ਜਿਲ੍ਹਾ ਮਾਨਸਾ ਦੀਆਂ ਲਿੰਕ ਸ਼ੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਕੰਮ ਪੰਜਾਬ ਮੰਡੀ ਬੋਰਡ ਵੱਲੋਂ ਕੀਤਾ ਜਾਂਦਾ ਹੈ। ਬਠਿੰਡਾ ਡਵੀਜਨ ਵਿੱਚ ਤਿੰਨ ਸਬ ਡਵੀਜਨ ਮਾਨਸਾ-1, ਮਾਨਸਾ-2 ਅਤੇ ਬਠਿੰਡਾ ਕੰਮ ਕਰ ਰਹੀਆਂ ਹਨ ਇਹਨਾਂ ਸਬ ਡਵੀਜਨਾਂ ਦਾ ਇੰਚਾਰਜ ਉਪ ਮੰਡਲ ਅਫਸਰ ਹੁੰਦਾ ਹੈ। ਸਰਕਾਰ ਦੀ ਪਾਲਿਸੀ ਅਨੁਸਾਰ ਨਵੀਆਂ ਸ਼ੜਕਾਂ ਦੀ ਉਸਾਰੀ ਅਸੈਂਬਲੀ ਹਲਕੇ ਵਾਇਜ ਕੀਤੀ ਜਾਂਦੀ ਹੈ ਅਤੇ ਨਵੀਆਂ ਸ਼ੜਕਾਂ ਦੀ ਸੂਚੀ ਸਰਕਾਰ ਦੀ ਮੁਰੰਮਤ ਦਾ ਕੰਮ ਵੀ ਸਰਕਾਰ ਵੱਲੋਂ ਮਿੱਥੇ ਪ੍ਰੋਗਰਾਮ ਅਨੁਸਾਰ ਕੀਤੀ ਜਾਂਦੀ ਹੈ ਅਤੇ ਸ਼ੜਕ ਦੀ ਮੁਰੰਮਤ ਹਰ 6 ਸਾਲ ਬਾਅਦ ਕੀਤੀ ਜਾਂਦੀ ਹੈ। ਸ਼ੜਕ ਦੀ ਉਸਾਰੀ ਅਤੇ ਮੁਰੰਮਤ ਦਾ ਕੰਮ ਲੋਕਾਂ ਨੂੰ ਆਵਾਜਾਈ ਵਿੱਚ ਸਹੂਲਤ ਦੇਣ ਲਈ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਿਉਂਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਇਸ ਲਈ ਲੋਕਾਂ ਵੱਲੋਂ ਪੈਦਾ ਕੀਤੀ ਜਿਨਸ ਨੂੰ ਮੰਡੀਆਂ ਵਿੱਚ ਲਿਆਉਣ ਲਈ ਸਹੂਲਤ ਵਜੋਂ ਇਹਨਾਂ ਸ਼ੜਕਾਂ ਦਾ ਕੰਮ ਕਰਵਾਇਆ ਜਾਂਦਾ ਹੈ।

ਸਰਕਾਰ ਦੇ ਨਿਯਮਾਂ ਅਨੁਸਾਰ ਕੋਈ ਵੀ ਕੰਮ ਜੋ ਪੰਜ ਲੱਖ ਦੀ ਲਾਗਤ ਤੱਕ ਦਾ ਹੋਵੇ, ਉਸ ਦੀ ਤਕਨੀਕੀ ਮੰਨਜੂਰੀ ਕਾਰਜਕਾਰੀ ਇੰਜੀਨੀਅਜ ਦੇ ਪੱਧਰ ਤੇ ਦਿੱਤੀ ਜਾਂਦੀ ਹੈ, ਜੋ ਕੰਮ 5 ਲੱਖ ਤੋਂ 15 ਲੱਖ ਦੀ ਲਾਗਤ ਤੱਕ ਦਾ ਹੋਵੇ, ਉਸ ਦੀ ਤਕਨੀਕੀ ਮੰਨਜੂਰੀ ਨਿਗਰਾਨ ਇੰਜਨੀਅਰ ਵੱਲੋਂ ਦਿੱਤੀ ਜਾਂਦੀ ਹੈ ਅਤੇ 15 ਲੱਖ ਦੀ ਲਾਗਤ ਤੋਂ ਉਪਰ ਦੇ ਕੰਮ ਦੀ ਤਕਨੀਕੀ ਮੰਨਜੂਰੀ ਮੁੱਖ ਇੰਜਨੀਅਰ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਮਾਰਕਿਟ ਕਮੇਟੀ ਜੇਕਰ ਆਪਣੇ ਫੰਡਾਂ ਵਿੱਚੋਂ ਕੋਈ ਕੰਮ ਕਰਾਉਣਾ ਚਾਹੁੰਦੀ ਹੈ ਤਾਂ ਮਾਰਕਿਟ ਕਮੇਟੀ ਵੱਲੋਂ ਮਤਾ ਪਾਇਆ ਜਾਂਦਾ ਹੈ ਅਤੇ ਉਸ ਕੰਮ ਦੀ ਪ੍ਰਬੰਧਕੀ ਪ੍ਰਵਾਨਗੀ ਲੈਣੀ ਜਰੂਰੀ ਹੁੰਦੀ ਹੈ ਜੋ ਕਿ ਸਕੱਤਰ ਪੰਜਾਬ ਮੰਡੀ ਬੋਰਡ ਜੀ ਵੱਲੋਂ ਜਾਰੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਸ ਦੀ ਤਕਨੀਕੀ ਮੰਨਜੂਰੀ ਉੱਪਰ ਦਿੱਤੀ ਕੰਮ ਦੀ ਲਾਗਤ ਅਨੁਸਾਰ ਕੰਪੀਟੈਂਟ ਅਥਾਰਟੀ (ਸਮੱਰਥ ਅਧਿਕਾਰੀ) ਵੱਲੋਂ ਦਿੱਤੀ ਜਾਂਦੀ ਹੈ ਅਤੇ ਮਾਰਕਿਟ ਕਮੇਟੀ ਵੱਲੋਂ ਫੰਡ ਜਮ੍ਹਾਂ ਕਰਾਉਣ ਤੋਂ ਬਾਅਦ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ।